# ਦਫ਼ਤਰ ਜ਼ਿਲਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ:-

ਜਦਕਿ ਕੋਵਿਡ-19 ਨੂੰ ਵਿਸ਼ਵ ਸਿਹਤ ਸੰਗਠਨ (WHO) ਵੱਲੋਂ ਪਹਿਲਾਂ ਹੀ ਮਹਾਂਮਾਰੀ ਕਰਾਰ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਜਿਲ੍ਹੇ ਅਤੇ ਰਾਜ ਵਿੱਚ ਕੋਵਿਡ-19 ਦੇ ਮਾਮਲੇ ਲਗਾਤਾਰ ਵੱਧ ਰਹੇ ਹਨ, ਇਸ ਸਬੰਧੀ ਇਸ ਦਫ਼ਤਰ ਵੱਲੋਂ ਪਹਿਲਾਂ ਹੀ ਪਾਬੰਦੀਆਂ ਸਬੰਧੀ ਹੁਕਮ ਐਮ.ਏ./ਐਮ.ਸੀ-1/98-120 ਮਿਤੀ 04.01.2021 ਜਾਰੀ ਕਰ ਦਿੱਤਾ ਹੈ ਭਾਰਤ ਦੇ ਚੋਣ ਕਮਿਸ਼ਨ ਨੇ ਮਿਤੀ 08.01.2021 ਨੂੰ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਦਾ ਐਲਾਨ ਅਤੇ ਮਿਤੀ 14.02.2022 ਨੂੰ ਵੋਟਾਂ ਦੀ ਮਿਤੀ (Date of Poll) ਦਾ ਐਲਾਨ ਕੀਤਾ ਹੈ।

ਜਦਕਿ, ਇਹ ਉਮੀਦ ਕੀਤੀ ਜਾਂਦੀ ਹੈ ਕਿ ਸਾਰੇ ਹਿੱਸੇਦਾਰ ਅਰਥਾਤ ਰਾਜਨੀਤਿਕ ਪਾਰਟੀਆਂ, ਉਮੀਦਵਾਰ, ਪ੍ਰਚਾਰਕ, ਵੋਟਰ ਅਤੇ ਚੋਣ ਪ੍ਰਕਿਰਿਆ ਵਿੱਚ ਲੱਗੇ ਅਧਿਕਾਰੀ ਜਨਤਕ ਸਿਹਤ/ਸੁਰੱਖਿਆ ਪ੍ਰਤੀ ਆਪਣੇ ਮੁੱਖ ਕਾਰਜ ਪ੍ਰਤੀ ਹਮੇਸ਼ਾ ਸੁਚੇਤ ਰਹਿਣਗੇ ਅਤੇ ਇਸ ਲਈ ਇਹਨਾਂ ਆਮ ਹਦਾਇਤਾਂ ਅਤੇ ਕੋਵਿਡ ਉਚਿਤ ਵਿਵਹਾਰ (Appropriate behavior) ਦੇ ਹੋਰ ਮਾਪਦੰਡਾ ਦੀ ਪਾਲਣ ਕਰਨੀ ਚਾਹੀਦੀ ਹੈ, ਜੋ ਕਿ ਸਬੰਧਤ ਅਥਾਰਟੀਆਂ ਵੱਲੋਂ ਲਾਜਮੀ ਕੀਤੀਆਂ ਹੋਇਆ ਹਨ।

ਇਸ ਲਈ, ਮੈਂ, ਸੰਜਮ ਅਗਰਵਾਲ, ਆਈ.ਏ.ਐਸ., ਜਿਲ੍ਹਾ ਮੈਜਿਸਟ੍ਰੇਟ, ਪਠਾਨਕੋਟ ਸੀ.ਆਰ.ਪੀ.ਸੀ. (CRPC), 1973 ਦੀ ਧਾਰਾ 144 ਅਤੇ ਡਿਜਾਸਟਰ ਮੈਨੇਜਮੈਂਟ ਐਕਟ 2005 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਜਿਲ੍ਹੇ ਵਿੱਚ ਹੇਠ ਲਿਖੇ ਹੁਕਮ ਜਾਰੀ ਕਰਦਾ ਹਾਂ। ਇਹ ਹੁਕਮ ਜਿਲ੍ਹਾ ਪਠਾਨਕੋਟ ਵਿੱਚ 15.01.2022 ਤੱਕ ਲਾਗੂ ਰਹਿੱਣਗੇ।

1. ਜਿਲ੍ਹੇ ਵਿੱਚ 15 ਜਨਵਰੀ, 2022 ਤੱਕ ਕੋਈ ਰੋਡ ਸ਼ੋਅ, ਪੈਦਲ-ਯਾਤਰਾ, ਸਾਈਕਲ/ਬਾਈਕ/ਵਾਹਨ ਰੈਲੀ ਅਤੇ ਜਲੂਸ ਦੀ ਇਜਾਜਤ ਨਹੀ ਹੋਵੇਗੀ। ਮਾਨਯੋਗ ਕਮਿਸ਼ਨ ਬਾਅਦ ਵਿੱਚ ਸਥਿਤੀ ਦੀ ਸਮੀਖਿਆ ਕਰਨਗੇ ਅਤੇ ਉਸ ਅਨੁਸਾਰ ਅਗਲੇਰੀ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।
2. ਜਿਲ੍ਹੇ ਵਿੱਚ 15 ਜਨਵਰੀ 2022 ਤੱਕ ਰਾਜਨੀਤਿਕ ਪਾਰਟੀਆਂ ਜਾ ਸੰਭਾਵੀ ਉਮੀਦਵਾਰਾਂ ਜਾ ਚੋਣਾਂ ਨਾਲ ਸਬੰਧਤ ਕਿਸੇ ਹੋਰ ਸਮੂਹ ਦੀ ਸ਼ਰੀਰਕ ਰੈਲੀ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਮਾਨਯੋਗ ਕਮਿਸ਼ਨ ਇਸ ਤੋਂ ਬਾਅਦ ਸਥਿਤੀ ਦੀ ਸਮੀਖਿਆ ਕਰਨਗੇ ਅਤੇ ਉਸ ਅਨੁਸਾਰ ਅਗਲੇਰੀ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।
3. ਜਿਲ੍ਹੇ ਵਿੱਚ ਕਿਸੇ ਵੀ ਚੋਣ ਪ੍ਰਚਾਰ ਵਾਲੇ ਦਿਨ 08:00 ਵਜੇ ਰਾਤ (08:00 P.M.) ਤੋਂ ਅਗਲੇ ਦਿਨ ਸਵੇਰੇ 08:00 ਵਜੇ (08:00 A.M.) ਤੱਕ ਕਿਸੇ ਵੀ ਤਰ੍ਹਾਂ ਦੀ ਚੋਣ ਰੈਲੀ ਜਾ ਚੋਣ ਮੀਟਿੰਗ ਕਰਨ ਦੀ ਮਨਾਹੀ ਹੋਵੇਗੀ।
4. ਜਿਲ੍ਹੇ ਵਿੱਚ ਕਿਸੇ ਵੀ ਜਨਤਕ ਰੋਡ, ਚੋਰਾਹੇ, ਗ਼ਲੀਆਂ ਵਿੱਚ ਨੁਕੜ ਸਭਾ ਰਾਹੀਂ ਪ੍ਰਚਾਰ ਕਰਨ ਦੀ ਮਨਾਹੀ ਹੋਵੇਗੀ।
5. ਜਿਲ੍ਹੇ ਵਿੱਚ ਸਾਰੀਆਂ ਰਾਜਨੀਤਿਕ ਪਾਰਟੀ ਅਤੇ ਚੋਣ ਲੜਨ ਦੇ ਸੰਭਾਵੀ ਉਮੀਦਵਾਰਾਂ ਪਾਸੋਂ Digital/Virtual/Media Platform/Mobile based mode ਰਾਹੀਂ ਚੋਣ ਪ੍ਰਚਾਰ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ।
6. ਜਿਲ੍ਹੇ ਵਿੱਚ ਘਰੋ ਘਰੀ ਜਾ ਕੇ ਪ੍ਰਚਾਰ ਕਰਨ ਲਈ ਵੱਧ ਤੋਂ ਵੱਧ 5 ਵਿਅਕਤੀਆਂ (ਸਮੇਤ ਉਮੀਦਵਾਰ) ਨੂੰ ਹੀ ਆਗਿਆ ਹੋਵੇਗੀ। ਇਸ ਤੋਂ ਇਲਾਵਾ ਕੋਵਿਡ-19 ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀਆਂ ਹਦਾਇਤਾਂ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਈ ਜਾਵੇ।

ਉਕਤ ਪਾਬੰਦੀਆ ਦੀ ਕੋਈ ਵੀ ਉਲੰਘਣਾ ਕਰਨ ਵਾਲੇ ਵਿਅਕਤੀ ਤੇ ਡਿਜਾਸਟਰ ਮੈਨੇਜਮੈਂਟ ਐਕਟ, 2005 ਅਤੇ ਭਾਰਤੀ ਦੰਡ ਸਹਿਤਾ 1860 ਦੇ ਸਬੰਧਤਾਂ ਦੇ ਤਹਿਤ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਅੱਜ ਮਿਤੀ 10.01.2022 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ:ਐਮ.ਏ./ 176-98 ਮਿਤੀ 11/01/2022

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।



Scanned with CamScanner

3) ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਦੇ ਨਿਆਂ ਵਿਭਾਗ, ਚੰਡੀਗੜ।
4) ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ।
5) ਕਮਿਸ਼ਨਰ, ਜਲੰਧਰ/ਫਿਰੋਜਪੁਰ/ਪਟਿਆਲਾ/ਫਰੀਦਕੋਟ/ਰੋਪੜ।
6) ਸਮੂਹ ਜ਼ਿਲ੍ਹਾ ਮੈਜਿਸਟਰੇਟ, ਪੰਜਾਬ ਰਾਜ।
7) ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ।
8) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
9) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲ੍ਹਾਂ।
10) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਪਠਾਨਕੋਟ।
11) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
12) ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ ਜਿਲ੍ਹਾ ਪਠਾਨਕੋਟ।
13) ਤਹਿਸੀਲਦਾਰ, ਚੋਣ, ਪਠਾਨਕੋਟ/ਧਾਰਕਲਾਂ।
14) ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਜਿਲ੍ਹਾ ਪਠਾਨਕੋਟ।
15) ਸਮੂਹ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਪਠਾਨਕੋਟ।
16) ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ/ਸਹਾਇਕ ਕਮਿਸ਼ਨਰ(ਜ)/ਪਠਾਨਕੋਟ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।



Scanned with CamScanner